# *ਕੋਈ ਹਕੂਮਤੀ ਪਾਰਟੀ ਉਨ੍ਹਾਂ ਨੂੰ ਆਪਣਾ ਨਾਇਕ ਨਹੀਂ ਬਣਾ ਸਕੇਗੀ*

ਡਾ. ਅਰੀਤ

ਸਾਥੀ ਅਮੋਲਕ ਜੀ ਨੇ ਹੁਣੇ ਈ ਕਿਹੈ ਕਿ ਥੋੜ੍ਹਾ ਸਮਾਂ ਆਏਗਾ ਜਦੋਂ ਹਕੂਮਤੀ ਤਾਕਤਾਂ ਭਾਅ ਜੀ ਨੂੰ ਵੀ ਆਪਣਾ ਨਾਇਕ ਬਨਾਣ ਦੀ ਕੋਸ਼ਿਸ਼ ਕਰਨਗੀਆਂ ਕਿ ਜਿਵੇਂ ਹੁਣੇ, ਭਗਤ ਸਿੰਘ ਇਕਦਮ ਅਸੀਂ ਸੁਣਦੇ ਹਾਂ, ਸੰਧੂ ਹੋ ਗਿਐ। ਸ਼ਾਇਦ ਗੁਰਸ਼ਰਨ ਸਿੰਘ 'ਪੰਥ ਦਾ ਹੀਰਾ' ਹੋ ਜਾਏ। ਪਰ ਮੈਂ ਉਨ੍ਹਾਂ ਨੂੰ ਤੇ ਐਥੇ ਹਾਜ਼ਰ ਸਾਰੇ ਲੋਕਾਂ ਨੂੰ ਇਹ ਯਕੀਨ ਦਵਾਂਦੀ ਹਾਂ ਕਿ ਸਾਡੇ ਜਿਉਂਦਿਆਂ ਜੀਅ ਅਸੀਂ ਗੁਰਸ਼ਰਨ ਸਿੰਘ ਦੇ ਵਾਰਸ, ਦੋਵੇਂ ਭੈਣਾਂ ਇਸ ਕਰਕੇ ਨਹੀਂ ਆਂ ਕਿ ਅਸੀਂ ਉਨ੍ਹਾਂ ਦੇ ਬੱਚੇ ਆਂ, ਕਿਉਂਕਿ ਉਹ ਸਾਡੇ ਜਨਮਦਾਤਾ ਹਨ। ਅਸੀਂ ਉਨ੍ਹਾਂ ਦੇ ਓਨੇ ਹੀ ਫਾਲੋਅਰ ਵੀ ਹਾਂ, ਅਸੀਂ ਉਨ੍ਹਾਂ ਦੇ ਜਜ਼ਬੇ ਵੀ ਸਮਝਦੇ ਆਂ। ***ਸਾਡੇ ਜੀਂਦਿਆਂ-ਜੀਅ ਉਨ੍ਹਾਂ (ਗੁਰਸ਼ਰਨ ਸਿੰਘ) ਦੀ ਸੋਚ ਨੂੰ ਕੋਈ ਖ਼ਰੀਦ ਨਹੀਂ ਸਕੇਗਾ। ਕੋਈ ਹਕੂਮਤੀ ਪਾਰਟੀ ਉਨ੍ਹਾਂ ਨੂੰ ਆਪਣਾ ਨਾਇਕ ਨਹੀਂ ਬਣਾ ਸਕੇਗੀ।*** ਮੈਂ ਇਥੇ ਆਣਾ ਇਸ ਕਰਕੇ ਵੀ ਫਰਜ਼ ਸਮਝਦੀ ਆਂ, ਮੈਂ ਸਮਝਦੀ ਆਂ, ਕਿ ਜਿਥੇ ਗੁਰਸ਼ਰਨ ਸਿੰਘ ਨੂੰ ਯਾਦ ਕੀਤਾ ਜਾਵੇਗਾ, ਅਸੀਂ ਉਥੇ ਪਹੁੰਚਾਂਗੇ। ਮੈਂ ਜਾਂ ਮੇਰੀ ਭੈਣ ਸਿਰਫ ਇਹ ਦੱਸਣ ਵਾਸਤੇ ਕਿ ਗੁਰਸ਼ਰਨ ਸਿੰਘ ਜੇ ਅੱਜ ਲੋਕਾਂ ਦਾ ਨਾਇਕ ਬਣਿਆ ਹੈ ਤਾਂ ਉਹ ਲੋਕਾਂ ਦਾ ਨਾਇਕ ਇਸ ਕਰਕੇ ਐ ਬਈ ਜੋ ਚੀਜ਼ ਉਹ ਲੋਕਾਂ ਨੂੰ ਕਹਿੰਦੇ ਰਹੇ, ਜੋ ਸੁਨੇਹੇ ਉਹ ਲੋਕਾਂ ਨੂੰ ਦੇਂਦੇ ਰਹੇ, ਉਹ ਸੁਨੇਹੇ ਆਪਣੇ ਬਿਆਸੀ ਸਾਲਾਂ ਦੇ ਜੀਵਨ ਵਿਚ ਪਲ-ਪਲ ਲੈ ਕੇ ਹੀ ਉਹ ਵਿਚਰੇ ਹਨ। ਕੋਈ ਐਸਾ ਪਲ ਨਹੀਂ ਆਇਆ, ਜਦੋਂ ਅਸੀਂ ਦੇਖਿਆ ਹੋਏ ਕਿ ਪਾਪਾ ਬਾਹਰ ਤੇ ਕੋਈ ਹੋਰ ਭਾਸ਼ਣ ਦੇ ਆਏ ਤੇ ਘਰ ਵਿਚ ਕੋਈ ਹੋਰ ਵਤੀਰਾ ਕਰਦੇ ਪਏ ਐ। ਮੈਂ ਅੱਜ ਇਥੇ ਖੜ੍ਹੇ ਹੋ ਕੇ ਬੜੀ ਹੈਰਾਨੀ ਵਾਲੀ ਗੱਲ ਇਹ ਵੀ ਸੋਚੀ ਕਿ ਮੇਰੀ ਐਨੀ ਲੰਮੀ ਜ਼ਿੰਦਗੀ ਮੈਂ ਉਨ੍ਹਾਂ ਦੇ ਨਾਲ ਗੁਜ਼ਾਰੀ ਐ। ਦੋ ਚੀਜ਼ਾਂ ਮੈਂ ਉਨ੍ਹਾਂ ਦੇ ਮੂੰਹ ਤੋਂ ਕਦੇ ਨਹੀਂ ਸੁਣੀਆਂ। ਕਦੀ ਗ਼ਲਤੀ ਨਾਲ ਵੀ, ਗੁੱਸੇ 'ਚ ਵੀ ਹੋਣ, ਕਿਸੇ ਵੀ ਪਲ ਇਕ ਗਾਲ੍ਹ—ਕਦੀ ਗਾਲ੍ਹ ਨੀਂ ਸੁਣੀ ਉਨ੍ਹਾਂ ਦੇ ਮੂੰਹੋਂ ਮਾਂ ਜਾਂ ਭੈਣ ਦੀ ਗਾਲ੍ਹ ਜਿਹੜੀ ਉਹ ਪੰਜਾਬ ਦੀ ਸਟੇਜ ਵਿਚ ਪਿੰਡਾਂ ਵਿਚ ਜਾ ਕਹਿੰਦੇ ਰਹੇ ਨੇ ਕਿ ਗਾਲ੍ਹਾਂ ਕੱਢਣੀਆਂ ਬੰਦ ਕਰੋ। ਲੜਦੇ ਤੁਸੀਂ ਮਰਦ ਹੋ ਤੇ ਬੇਇੱਜ਼ਤੀ ਤੁਸੀਂ ਮਾਵਾਂ ਤੇ ਭੈਣਾਂ ਦੀ ਕਰਦੇ ਓ? ਇਹ ਗੱਲ ਕਰਨੀ ਬੰਦ ਕਰੋ। ਤੇ ਧੀ ਹੋਣ ਦੇ ਨਾਤੇ, ਜਦੋਂ ਤੁਸੀਂ ਕਹਿੰਦੇ ਹੋ ਗੁਰਸ਼ਰਨ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ ਤਾਂ ਕਮ ਸੇ ਕਮ ਐਨਾ ਜ਼ਰੂਰ ਵਾਅਦਾ ਕਰ ਲਓ ਕਿ ਆਪਣੀਆਂ ਜ਼ੁਬਾਨਾਂ 'ਤੇ ਕਾਬੂ ਕਰ ਲਓ। ਮਾਂ-ਭੈਣ ਨੂੰ ਗਾਲ੍ਹ ਕੱਢਣੀ ਬੰਦ ਕਰ ਦਓ, ਤੁਹਾਡਾ ਇਥੇ ਆਨਾ ਸਫਲ ਹੋ ਜਾਏਗਾ। ਕਿਉਂਕਿ ਲੜਾਈਆਂ ਜਿਹੜੀਆਂ ਹੁੰਦੀਆਂ, ਜਿਹੜੀਆਂ ਤੁਸੀਂ ਸਮਾਜ ਨਾਲ ਲੜਨ ਚਲਦੇ ਓ ਪਹਿਲੇ ਤੁਸੀਂ ਆਪਣੇ ਘਰਾਂ ਤੋਂ ਸ਼ੁਰੂ ਕਰਦੇ ਓ। ਜੇ ਸਾਡੇ ਕਾਮਰੇਡ, ਸਾਡੇ ਵੀਰ ਜਿਹੜੇ

ਇਥੇ ਆਏ ਨੇ, ਜੇ ਘਰ ਵਿਚ ਆਪਣੀ ਮਾਂ, ਭੈਣ, ਧੀ, ਬਾਹਰ ਖਲੋਤੀ ਔਰਤ ਦੀ ਇੱਜ਼ਤ ਨਹੀਂ ਕਰ ਸਕਦੇ ਤਾਂ ਉਹ ਇਸ ਲਹਿਰ ਨੂੰ ਅੱਗੇ ਨਹੀਂ ਲਿਜਾ ਸਕਦੇ। ਉਹ ਸੱਚੇ ਇਨਕਲਾਬੀ ਨਹੀਂ ਨੇ। ਦੂਜੀ ਗੱਲ ਜੋ ਮੈਂ ਕਦੀ ਉਨ੍ਹਾਂ ਦੇ ਮੂੰਹ 'ਚੋਂ ਨਹੀਂ ਸੁਣੀ, ਸਾਡਾ ਆਹ ਸਾਰਾ ਪਰਵਾਰ ਸਿੱਖੀ ਵਿਚ ਬੜਾ ਯਕੀਨ ਕਰਦਾ ਸੀ, ਸਾਡੇ ਪੜਦਾਦਾ ਜੀ ਚੀਫ ਖਾਲਸਾ ਦੀਵਾਨ ਦੇ ਬਾਨੀਆਂ ਵਿਚੋਂ ਸਨ; ਹਾਲਾਂ ਕਿ ਪੜ੍ਹੇ-ਲਿਖੇ ਬੰਦੇ ਸੀਗੇ ਪਰ ਘਰ ਵਿਚ ਸਾਡੇ ਗੁਰੂ ਗ੍ਰੰਥ ਸਾਹਿਬ ਹੁੰਦਾ ਸੀ। ਮੈਂ ਇੰਨੇ ਲੰਮੇ ਜੀਵਨ ਵਿਚ ਪਿਛਲੇ ਚਾਰ ਸਾਲ ਉਹ ਮੰਜੇ 'ਤੇ ਪਏ ਰਹੇ। ਉਨ੍ਹਾਂ ਨੂੰ ਕਈ ਕਿਸਮ ਦੇ ਸ਼ੂਗਰ ਰੋਗ ਹੋਣ ਦੇ ਕਰਕੇ, ਕਈ ਕਿਸਮ ਦੀਆਂ ਬੀਮਾਰੀਆਂ ਆਈਆਂ, ਕਦੀ ਨਾ ਉਨ੍ਹਾਂ ਨੇ ਜ਼ਿੰਦਗੀ 'ਚ ਹਾਏ ਨੀਂ ਕਹੀ, ਹਾਏ- ਇਹ ਲਫਜ਼ ਨਹੀਂ ਕੱਢਿਆ। ਨਾ ਉਨ੍ਹਾਂ ਨੇ ਕਿਹਾ ਓਹ ਰੱਬਾ! ਓ ਵਾਹਿਗੁਰੂ!! ਸੱਚੇ ਪਾਤਸ਼ਾਹ!!! ਕਦੀ ਇਹ ਲਫਜ਼ ਅੱਜ ਤੱਕ ਮੂੰਹ 'ਚੋਂ ਨਹੀਂ ਨਿਕਲਿਆ। ਨਾ ਆਖ਼ਰੀ ਪਲਾਂ 'ਚ। ਲੋਕ ਇਹ ਕਹਿੰਦੇ ਆ ਬਈ ਜਾਂਦਾ-ਜਾਂਦਾ ਬੰਦਾ ਧਾਰਮਿਕ ਹੋ ਜਾਂਦੈ,....ਮੇਰੀ ਮੰਮੀ ਨੇ ਕਈ ਵਾਰੀ ਡਰ ਕੇ ਕਿਹਾ ਕਿ ਤੁਸੀਂ ਵਾਹਿਗੁਰੂ ਆਖੀਓ। ਤਾਂ ਉਹ ਕਹਿੰਦੇ, ਤੁਸੀਂ ਆਖੋ ਵਾਹਿਗੁਰੂ, ਮੈਂ ਨਹੀਂ ਕਦੀ ਕਿਹਾ ਕਰਨਾ ਵਾਹਿਗੁਰੂ। ਮਤਲਬ ਜੇ ਉਹ ਇਕ ਇਨਕਲਾਬੀ ਸੀ ਤਾਂ ਅਸੀਂ ਹੁਸੈਨੀਵਾਲਾ ਉਨ੍ਹਾਂ ਦੇ ਫੁੱਲ ਪ੍ਰਵਾਹ ਕਰਨ ਗਏ ਤਾਂ ਮੈਂ ਕਿਹਾ ਕਿ ਬੜਾ ਮਾਨ ਐ ਸਾਨੂੰ ਆਪਣੇ ਪੰਜਾਬ ਦੇ ਉਨ੍ਹਾਂ ਦੋ ਨਾਇਕਾਂ 'ਤੇ। **ਸਾਡਾ ਮਹਾਂ ਨਾਇਕ ਭਗਤ ਸਿੰਘ ਜਿਹੜਾ ਭਰ ਜੁਆਨੀ 'ਚ ਲੋਕਾਂ ਨੂੰ ਬਰਾਬਰੀ ਦਾ ਅਤੇ ਸੁਹਣਾ ਸਮਾਜ ਦੇਣ ਵਾਸਤੇ ਉਹ ਸਿਰਫ਼ ਅੰਗਰੇਜ਼ ਦੇ ਵਿਰੁੱਧ ਨਹੀਂ ਸੀ ਉਹ ਆਪਣੇ ਲੋਕਾਂ ਵਾਸਤੇ ਬਰਾਬਰੀ ਦਾ ਵਧੀਆ ਸਮਾਜ ਬਣਾਨਾ ਚਾਹੁੰਦਾ ਸੀ, ਉਸ ਸੋਚ ਲਈ ਉਹ ਭਰ ਜਵਾਨੀ ਵਿਚ ਫਾਂਸੀ ਦਾ ਰੱਸਾ ਚੁੰਮ ਗਿਆ। ਤੇ ਦੂਜਾ ਸਾਡਾ ਨਾਇਕ ਗੁਰਸ਼ਰਨ ਸਿੰਘ ਹੈ, ਜਿਹੜਾ 82 ਸਾਲ ਇਸ ਧਰਤੀ 'ਤੇ ਵਿਚਰਿਆ, 82 ਸਾਲਾਂ ਦੇ ਹਰ ਇਕ ਦਿਨ, ਹਰ ਇਕ ਪਲ ਉਹ ਇਨਕਲਾਬੀ ਸੋਚ ਨਾਲ ਈ ਵਿਚਰਿਆ। ਉਹਨੇ ਕੰਪਰੋਮਾਈਜ਼ ਨਹੀਂ ਕੀਤਾ।** ਜੋ ਉਨ੍ਹਾਂ ਨੇ ਨਾਟਕਾਂ ਦਾ ਰਾਹ ਚੁਣਿਆ, ਜਦੋਂ ਐਮਰਜੈਂਸੀ ਤੋਂ ਪਹਿਲੇ ਉਹ ਬੜੀ ਸਿਆਣਪ ਨਾਲ, ਉਹ ਸਾਇੰਸਦਾਨ ਸਨ ਕਿਉਂਕਿ ਉਹ ਹਰ ਚੀਜ਼ ਦਾ ਫਾਰਮੂਲਾ ਜਿਹਾ ਲੱਭਦੇ ਸਨ, ਉਨ੍ਹਾਂ ਨੇ ਨਾਟਕ ਕੀਤਾ ਸੀ, "ਹਵਾਈ ਗੋਲੇ"। ਪਾਰਲੀਮੈਂਟ 'ਚ ਜੋ ਬਹਿਸ ਚੱਲ ਰਹੀ ਹੋਣੀ ਐ, ਉਹ ਕਿਸੇ ਤਰ੍ਹਾਂ ਸਾਡਾ ਮਜ਼ਾਕ ਉਡਾਇਆ ਜਾ ਰਿਹਾ ਆਮ ਲੋਕਾਂ ਦਾ। ਜਦੋਂ ਐਮਰਜੈਂਸੀ ਲੱਗੀ, ਮਤਲਬ ਮੈਂ ਇਹ ਵੀ ਸਮਝਦੀ ਆਂ ਕਿ ਸਿੱਖ ਵਿਰਸੇ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਸਨ। ਉਹ ਗੁਰੂ ਨਾਨਕ ਦੇ ਸਿੱਖ ਤੇ ਗੁਰੂ ਗੋਬਿੰਦ ਸਿੰਘ ਦੇ ਸੱਚੇ ਸਿੰਘ ਸਨ। ਜਦੋਂ ਅਸੀਂ ਲਾਸਟ ਉਨ੍ਹਾਂ ਦੇ ਫੁੱਲ ਚੁਗੇ ਤਾਂ ਕੜਾ ਉਨ੍ਹਾਂ ਦੇ ਹੱਥ ਵਿਚ ਜਿਹੜਾ ਪਾਂਦੇ ਸੀ, ਉਹ ਸਾਰਾ ਜੀਵਨ ਆਪਣੇ ਹੱਥ ਵਿਚ ਕੜਾ ਪਾ ਕੇ ਰੱਖਿਆ। ਮੈਨੂੰ ਨਹੀਂ ਪਤਾ ਕਿ ਉਹ ਸੱਚੇ ਕਮਿਊਨਿਸਟ ਸੀ, ਹਮੇਸ਼ਾਂ ਆਪਣੇ ਆਪ ਨੂੰ ਕਮਿਊਨਿਸਟ ਕਹਿੰਦੇ ਸੀ। ਉਨ੍ਹਾਂ ਨੇ ਕੜਾ ਕਿਉਂ ਨਹੀਂ ਲਾਹਿਆ? ਕਿਉਂਕਿ ਉਨ੍ਹਾਂ ਨੇ ਬੜੀ ਵਾਰੀ ਐਲਾਨ ਨਾਲ ਕਿਹਾ ਸੀ ਕਿ ਮੈਂ ਗੁਰੂ ਨਾਨਕ ਦਾ ਸਿੱਖ ਤੇ ਗੁਰੂ ਗੋਬਿੰਦ ਸਿੰਘ ਦਾ ਸਿੰਘ ਹਾਂ। ਸਾਨੂੰ ਸਾਡੇ ਰਿਸ਼ਤੇਦਾਰਾਂ ਨੇ ਮੈਂ ਅੱਜ ਤੱਕ ਆਪਣੇ ਬੜੇ ਆਪਣੇ ਲੋਕਾਂ ਦੇ ਲਹਿਰਾਂ ਦੇ ਲੋਕਾਂ ਦੇ ਅਖੀਰ ਦੇਖੇ ਨੇ ਕਿ ਆਪਣਾ ਪਰਵਾਰ ਈ ਕਹਿ ਦਿੰਦੈ ਕਿ ਪਾਠ ਕਰ ਲਈਏ, ਅਰਦਾਸ ਕਰ ਲਈਏ। ਕੋਈ

ਮਾੜਾ-ਮੋਟਾ ਰੱਬ ਦਾ ਨਾਂ ਲੈ ਲਈਏ। ਉਨ੍ਹਾਂ ਦੀਆਂ ਆਖ਼ਰੀ ਰਸਮਾਂ ਵਿਚ ਕਿਸੇ ਵੀ ਰਸਮ ਵਿਚ ਕਦੀ ਵੀ ਅੱਜ ਤੱਕ ਕੋਈ ਧਾਰਮਿਕ ਰਸਮ ਅਦਾ ਨਹੀਂ ਕੀਤੀ ਗਈ। ਜਦੋਂ ਸਾਡੇ ਦੋ ਵੱਡੇ ਜੇਹੜੇ ਹੈਗੇ ਆ, ਉਨ੍ਹਾਂ ਨੇ ਕਿਹਾ ਕਿ ਇਕ ਅਰਦਾਸ 'ਤੇ ਕਰ ਲਓ। ਮੈਂ ਕਿਹਾ, ਉਹ ਆਪਣੇ ਜੀਵਨ ਵਿਚ ਆਪਣੀ ਅਰਦਾਸ ਕਰ ਚੁੱਕੇ ਹੋਏ ਆ। ਗੁਰੂਆਂ ਦਾ ਜਿਹੜਾ ਸੁਨੇਹਾ ਸੀ, ਜਾਤ-ਪਾਤ ਤੋਂ ਬਿਨਾਂ ਦਾ, ਉਹ 'ਨੀਚਾ ਅੰਦਰਿ ਨੀਚ ਜਾਤਿ' ਜਿਹੜੇ ਗੁਰੂ ਨਾਨਕ ਦੇਵ ਜੀ ਕਹਿ ਗਏ ਅਤੇ ਜੋ ਗੁਰੂ ਨਾਨਕ ਕਹਿ ਗਿਆ, 'ਸਚ ਕੀ ਬਾਣੀ ਨਾਨਕੁ ਆਖੈ, ਸਚੁ ਸੁਣਾਇਸੀ ਸਚ ਕੀ ਬੇਲਾ॥' ਕਿ ਸੱਚ ਉਦੋਂ ਈ ਸੱਚ ਐ ਜਦੋਂ ਉਹਨੂੰ ਕਹਿਣ ਦਾ ਵੇਲਾ ਐ। ਗੁਰਸ਼ਰਨ ਸਿੰਘ ਉਦੋਂ ਸੱਚ ਬੋਲਦਾ ਰਿਹੈ। ਉਹ ਸੱਚ ਬੋਲਦਾ ਰਿਹੈ। ਉਹ ਸਮੇਂ ਦਾ ਸੱਚ ਸੀ। ਜੋ ਐਮਰਜੈਂਸੀ 'ਚ "ਕਿਵ ਕੂੜੈ ਤੁਟੈ ਪਾਲਿ" 'ਚ ਡਰਾਮਾ ਕਰਦੇ ਸੀ ਥਾਂ-ਥਾਂ 'ਤੇ ਲੋਕਾਂ ਨੂੰ ਚੀਕ-ਚੀਕ ਕੇ ਕਹਿੰਦਾ ਰਿਹਾ, ਬਈ ਮੇਰੀ ਧਰਤੀ ਦੇ ਲੋਕੋ, ਮੱਤ ਭੁੱਲ ਜਾਓ! ਸਾਕਾ ਸਰਹੰਦ ਦੇ ਉੱਤੇ ਉਹ ਨਾਟਕ ਸੀ। ਜਦੋਂ ਸਾਹਿਬਜ਼ਾਦਿਆਂ ਦੀ ਜ਼ਿੰਦਗੀ ਦੇ ਉੱਤੇ ਕਿ ਮੇਰੀ ਧਰਤੀ ਦੇ ਲੋਕੋ ਇਹ ਮੱਤ ਭੁੱਲ ਜਾਓ ਕਿ ਜੇ ਅੱਜ ਕਿਸੇ ਜ਼ੁਲਮ ਨੂੰ ਤਮਾਸ਼ਾਈ ਬਣ ਕੇ ਦੇਖੋਗੇ ਤਾਂ ਕੱਲ੍ਹ ਨੂੰ ਤੁਹਾਡੇ ਬੱਚਿਆਂ, ਤੁਹਾਡੀਆਂ ਆਉਣ ਵਾਲੀਆਂ ਪੁਸ਼ਤਾਂ ਨੂੰ ਉਹਦੀ ਕੀਮਤ ਦੇਣੀ ਪਏਗੀ। ਬੋਲੋ! ਐਮਰਜੈਂਸੀ 'ਚ ਲੋਕਾਂ ਨੂੰ ਇਹ ਕਹਿੰਦੇ ਰਹੇ। ਜਦੋਂ ਪੰਜਾਬ ਵਿਚ ਆਤੰਕਵਾਦ ਦਾ ਕਾਲਾ ਦੌਰ ਚੱਲਿਆ, ਜਦੋਂ ਸੁਮੀਤ ਸਿੰਘ ਪ੍ਰੀਤਲੜੀ ਦਾ ਕਤਲ ਹੋਇਆ, ਜਦੋਂ ਸੰਤ ਜਰਨੈਲ ਸਿੰਘ ਐਥੇ ਖਲੋ ਕੇ ਇਤਿਹਾਸ ਜਿਹੜੇ ਲੋਕੀ ਭੁੱਲ ਜਾਂਦੇ ਐ ਕਿ ਨਾਟਕ ਦਾ ਡਾਇਲਾਗ ਸੀ, ਉਹ ਕਹਿੰਦਾ ਕਿ ਸਾਡੇ ਲੋਕਾਂ ਦਾ ਚੇਤਾ ਬੜਾ ਮਾੜਾ ਹੁੰਦਾ ਐ। ਲੋਕ ਬੜੀ ਜਲਦੀ ਭੁੱਲ ਜਾਂਦੇ ਨੇ। ਇਸ ਕਰਕੇ ਅੱਜ ਮੈਂ ਫੇਰ ਇਥੇ ਇਹ ਗੱਲ ਦੁਹਰਾਵਾਂਗੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਰਬਾਰ ਸਾਹਿਬ ਵਿਚ ਮੌਜੂਦ ਸੀਗੇ, ਜਦੋਂ ਹੁਕਮਨਾਮੇ ਜਾਰੀ ਕੀਤੇ ਜਾ ਰਹੇ ਸੀ ਤਾਂ ਉਨ੍ਹਾਂ ਨੇ ਪਹਿਲੇ ਇਕ ਛੋਟੀ ਸਟੋਰੀ "ਹਿੱਟ ਲਿਸਟ" ਲਿਖੀ। ਉਸ ਤੋਂ ਬਾਅਦ ਉਨ੍ਹਾਂ ਮੰਚਨ ਕੀਤਾ ਅੰਮ੍ਰਿਤਸਰ ਸ਼ਹਿਰ ਵਿਚ ਤੇ ਕਿਹਾ ਕਿ ਜੇ ਤੁਹਾਡੇ ਕੋਲ ਹਿੱਟ ਲਿਸਟ ਐ, ਜੀਹਦਾ ਇਸਤੇਮਾਲ ਕਰਦੇ ਹੋ, ਤੁਸੀਂ ਸੁਮੀਤ ਵਰਗੇ ਨੌਜੁਆਨਾਂ ਦਾ ਕਤਲ ਕਰ ਰਹੇ ਹੋ ਤਾਂ ਸਾਡੇ ਕੋਲ ਵੀ ਹਿੱਟ ਲਿਸਟ ਐ। ਜੀਹਦੇ ਵਿਚ ਸਭ ਤੋਂ ਉੱਪਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਨਾਮ ਹੈ। ਇਹ ਐਨੀ ਨਿਧੜਕ ਹੋ ਕੇ ਕਿਹਾ ਕਿ ਉਨ੍ਹਾਂ ਨੇ ਕੋਈ ਡਰ ਨਹੀਂ ਮਹਿਸੂਸ ਕੀਤਾ ਬਈ ਮੈਂ ਮਾਰਿਆ ਜਾਵਾਂਗਾ। ਉਹ ਹਮੇਸ਼ਾਂ ਕਹਿੰਦੇ ਹੁੰਦੇ ਸੀ, ਮਰ ਗਏ ਤਾਂ ਮਰ ਗਏ, ਹੋਰ ਲੋਕ ਵੀ ਮਰ ਰਹੇ ਆ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅੰਮ੍ਰਿਤਸਰ ਵਿਚ ਮੌਜੂਦ ਸੀ ਜਦ ਨਾਟਕ ਕੀਤਾ, "ਕੁਰਸੀ, ਮੋਰਚਾ ਤੇ ਹਵਾ 'ਚ ਲਟਕਦੇ ਲੋਕ"। ਜਦੋਂ ਮੰਜੀ ਦੇ ਇਕ ਪਾਸੇ, ਜੀਹਦੇ ਉਤੇ ਸੰਤ ਵਰਗਾ ਬੰਦਾ ਬਿਠਾਇਆ, ਦੂਜੇ ਪਾਸੇ ਦਰਬਾਰਾ ਸਿੰਘ ਵਰਗਾ ਵਜ਼ੀਰ ਬਿਠਾਇਆ ਤੇ ਵਿੱਚ ਲੋਕ ਉਨ੍ਹਾਂ ਨੂੰ ਸੁਆਲ ਕਰ ਰਹੇ ਤੇ ਉਨ੍ਹਾਂ ਨੂੰ ਕਹਿ ਰਹੇ ਆ, ਕਿ ਤੁਸੀਂ ਦੋਹਾਂ ਦਾ ਤਮਾਸ਼ਾ ਐ ਜਿਹੜਾ ਤੁਸੀਂ ਪੰਜਾਬ ਦੇ ਵਿਚ ਕਰ ਰਹੇ ਹੋ। ਤੁਹਾਡੇ ਕੋਲ ਲੋਕਾਂ ਦੀਆਂ ਅਸਲੀ ਮੁਸੀਬਤਾਂ ਦਾ ਕੋਈ ਵੀ ਜੁਆਬ ਨਹੀਂ ਐ। ਮੈਂ ਇਸ ਕਰਕੇ ਕਹਿਨੀ ਆਂ ਕਿ ਗੁਰਸ਼ਰਨ ਸਿੰਘ ਅੱਜ ਲੋਕ-ਨਾਇਕ ਇਸ ਕਰਕੇ ਐ ਕਿਉਂਕਿ ਉਹ ਇਨਕਲਾਬੀ ਸੋਚ ਨੂੰ ਲੈ ਕੇ ਚੱਲਿਆ। ਸਾਰਾ ਜੀਵਨ, ਬਿਨਾਂ ਕੰਪਰੋਮਾਈਜ਼ ਦੇ। ਬਿਨਾਂ ਛੋਟੀ-ਵੱਡੀ ਗੱਲ

ਦੇ। ਬਿਨਾਂ ਲੜਾਈ-ਝਗੜੇ ਦੇ, ਬਿਨਾਂ ਇਹ ਸੋਚੇ ਕਿ ਬਈ ਇਸ ਬੰਦੇ ਨੇ ਕੱਲ੍ਹ ਤਾਂ ਮੈਨੂੰ ਗਾਲ੍ਹਾਂ ਕੱਢੀਆਂ ਸੀ, ਅੱਜ ਮੈਂ ਇਹਦੇ ਇਥੇ ਕਿਵੇਂ ਚਲਾ ਜਾਵਾਂ? ਇਹ ਗੱਲਾਂ ਬਿਨਾਂ ਸੋਚੇ ਅੱਗੇ ਦੇ ਅੱਗੇ ਵਧਦੇ ਗਏ। ਆਪਣੇ ਲੋਕਾਂ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਕਰਦੇ ਰਹੇ। ਅਖੀਰ ਵਿਚ ਜਦੋਂ ਉਨ੍ਹਾਂ ਕੋਲ ਬਹੁਤ ਹੀ ਲਿਮਟਿਡ ਐਨਰਜੀ ਬਚੀ, ਜਿਸਮਾਨੀ ਜਿਹੜੀ ਤਾਕਤ ਸੀ, ਉਹ ਬੜੀ ਘੱਟ ਹੋ ਗਈ ਸੀ ਤਾਂ ਉਨ੍ਹਾਂ ਨੇ ਆਪਣਾ ਫੋਕਸ ਸੀ, ਉਹ ਹੋਰ ਸੀਮਤ ਕਰਕੇ ਕਿਹਾ ਸੀ ਕਿ ਮੇਰਾ ਨਿਸ਼ਾਨਾ ਮੇਰੇ ਵਿਹੜੇ ਵਿਚ ਵੱਸਦੇ ਲੋਕ ਨੇ ਤੇ ਮੇਰੀਆਂ ਕੁੜੀਆਂ ਨੇ। ਉਹ ਹਮੇਸ਼ਾਂ ਇਕ ਪਿਤਾ ਵਾਕੁਣ ਪੰਜਾਬ ਵਿਚ ਵਿਚਰੇ। ਉਹ ਘਰ ਵਿਚ ਇਕ ਨਾਟਕਕਾਰ ਵਾਂਗ ਵਿਚਰੇ। ਜੋ ਬਾਹਰ ਸੀ ਉਹੀ ਅੰਦਰ ਸੀ। ਜੋ ਅੰਦਰ ਸੀ, ਉਹੀ ਬਾਹਰ ਸੀ। ਉਨ੍ਹਾਂ ਨੂੰ ਆਪਣੀਆਂ ਬੇਟੀਆਂ ਦਾ ਜਿਵੇਂ ਉਨ੍ਹਾਂ ਨੂੰ ਜਦੋਂ ਪੰਜਾਬ ਵਿਚ ਲਹਿਰ ਚੱਲੀ ਐ ਮੂਲਵਾਦੀਆਂ ਦੀ ਤਾਂ ਉਨ੍ਹਾਂ ਨੇ ਇਕ ਲੇਖ ਲਿਖਿਆ ਸੀ ਕਿ ਮੈਨੂੰ ਮੂਲਵਾਦੀਆਂ ਤੋਂ ਇਸ ਕਰਕੇ ਨਫ਼ਰਤ ਐ ਕਿ ਜੇ ਉੱਪਰ ਆ ਗਏ ਤਾਂ ਉਹ ਮੇਰੀਆਂ ਬੇਟੀਆਂ ਤੋਂ ਜੀਣ ਦਾ ਹੱਕ ਖੋਹ ਲੈਣਗੇ। ਸਭ ਤੋਂ ਪਹਿਲਾਂ ਮੇਰੀਆਂ ਬੇਟੀਆਂ ਦੇ ਸਿਰ 'ਤੇ ਪੱਲਾ ਕਰਵਾ ਦੇਣਗੇ ਤੇ ਉਨ੍ਹਾਂ ਨੂੰ ਕਹਿਣਗੇ, ਬਈ ਔਰਤਾਂ ਇਹ ਨਹੀਂ ਕਰ ਸਕਦੀਆਂ, ਓਹ ਨਹੀਂ ਕਰ ਸਕਦੀਆਂ। ਕਿਉਂਕਿ ਸਾਰੇ ਧਾਰਮਿਕ ਕੱਟੜਵਾਦੀ ਜਿਹੜੇ ਐ, ਉਹ ਔਰਤ ਵਿਰੋਧੀ ਨੇ। ਇਸ ਕਰਕੇ ਅੱਜ ਇਥੇ ਜਦੋਂ ਅਸੀਂ ਖੜ੍ਹੇ ਹੋਏ ਆਂ, ਜਦੋਂ ਐਨਾ ਵੱਡਾ ਇਕੱਠ ਐ ਤਾਂ ਉਨ੍ਹਾਂ ਨੂੰ ਸ਼ਰਧਾਂਜਲੀ ਐ ਤੇ ਮੈਂ ਇਕ ਗੱਲ ਕਹਿਣਾ ਚਾਹੁੰਦੀ ਆਂ ਕਿ ਇਸ ਵਕਤ ਪੰਜਾਬ ਦੇ ਸਭਿਆਚਾਰ ਨੂੰ ਸਭ ਤੋਂ ਵੱਡਾ ਖ਼ਤਰਾ ਐ, ਲੱਚਰ ਜੋ ਗੀਤ ਸੰਗੀਤ ਐ। ਲੱਚਰ ਜੋ ਵਰਤਾਰਾ ਐ, ਖਾਲੀ ਗਾਨੇ ਈ ਲੱਚਰ ਨਹੀਂ ਐ, ਸਾਡੀ ਜਿਹੜੀ ਬੋਲਚਾਲ ਐ, ਸਾਡਾ ਜਿਹੜਾ ਆਮ ਜੀਵਨ ਹੈ ਉਹ ਬਹੁਤ ਹੀ ਨੀਵਾਂ ਹੋ ਗਿਐ, ਉਹਦਾ ਪੱਧਰ ਥੱਲੇ ਡਿੱਗ ਗਿਆ ਹੈ। ਉਹ ਉਨ੍ਹਾਂ ਦਾ ਬੜਾ ਡਾਇਲਾਗ ਹੁੰਦਾ ਸੀ, ਉਹ ਕਹਿੰਦੇ ਹੁੰਦੇ ਸੀ ਕਿ ਪੰਜਾਬੀ ਜਿਥੇ ਜਾਣ ਜਦੋਂ ਢੋਲ ਵੱਜਦਾ ਐ, ਲੋਕਾਂ ਨੂੰ ਨੱਚਣ ਲਾ ਦਿੰਦਾ ਹੈ। ਉਹ ਕਹਿੰਦੇ ਸੀ ਕਿ ਮੈਂ ਚਾਹੁੰਦਾ ਹਾਂ ਕਿ ਮੇਰੇ ਨਾਟਕ ਲੋਕਾਂ ਨੂੰ ਸੋਚਣ ਲਾ ਦੇਣ। ਤੇ ਮੇਰੀ ਸਭ ਨੂੰ ਏਹੀ ਬੇਨਤੀ ਹੈ ਕਿ ਸੋਚਣ ਲੱਗ ਪਈਏ ਕਿ ਸੋਚ ਕੇ ਕਿਸ ਤਰ੍ਹਾਂ ਆਪਣਾ, ਜਿਹੜਾ ਹੈ, ਆਪਣੀ ਛੋਟੀ ਜਿਹੀ ਸ਼ਰਧਾਂਜਲੀ ਦੇ ਸਕਦੇ ਆਂ। ਉਹਦੇ ਬਾਰੇ ਅਹਿਦ ਕਰਨਾ ਹੀ ਸ਼ਾਇਦ ਇਥੇ ਆਣ ਦਾ ਮਕਸਦ ਪੂਰਾ ਕਰੇਗਾ।

(ਭਾਅ ਜੀ ਗੁਰਸ਼ਰਨ ਸਿੰਘ ਦੀ ਛੋਟੀ ਧੀ)